This question paper contains 4 printed pages]

Your Roll No................

**5394**

**B.A. (PROGRAMME)/II** **A**

**(T)**

PUNJABI DISCIPLINE—Paper II

(Compulsory)

(Admissions of 2004/2006 and after in respect of the students of Regular Colleges/NCWEB.)

*Time : 3 Hours* *Maximum Marks : 75*

*(Write your Roll No. on the top immediately on receipt of this question paper.)*

*Note* :—The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

ਨੋਟ :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. ਹੇਠ ਲਿਖੀਆਂ ਕਾਵਿ-ਟੁਕੜੀਆਂ ਵਿਚੋਂ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਹਨੇਰੀ ਆ ਰਹੀ ਹੈ, ਹਨੇਰੀ
ਇਨਕਲਾਬ ਦੀ, ਤਬਾਹੀ ਦੀ, ਤਬਦੀਲੀ ਦੀ
ਹੇਠਲੀ ਉੱਤੇ ਹੋ ਜਾਏਗੀ ਦਿਸੇਗਾ ਕੁਝ ਨਾ
ਸਿਆਣ ਨਾ ਰਹੇਗੀ ਕਿਸੇ ਨੂੰ ਕਿਸੇ ਦੀ
ਕੀਮਤਾਂ ਸਭ ਬਦਲੀਆਂ ਜਾਵਸਨ ।

(ਅ) ਉੱਗੀ ਹਾਂ, ਪਿਸੀ ਹਾਂ, ਗੁੱਝੀ ਹਾਂ, ਵਿੱਲੀ ਹਾਂ ।
ਤੇ ਅਜ ਤੱਤੇ ਤਵੇ ਉੱਤੇ ਜਿਵੇਂ ਚਾਹੇ ਪਰਤ ਲੈ ।
ਮੈਂ ਬੁਰਕੀ ਤੋਂ ਵੱਧ ਕੁਝ ਨਹੀਂ ਜਿਵੇਂ ਚਾਹੇ ਲਿਘਲ ਲੈ ।
ਲਾਵੇ 'ਚ ਲਪੇਟ ਲੈ । ਕਦਮਾਂ ਤੇ ਖੜੀ ਹਾਂ ਬਾਹਵਾਂ 'ਚ ਸਮੇਟ ਲੈ ।
ਚੁੰਮ ਲੈ, ਚੱਟ ਲੈ, ਤੇ ਫੇਰ ਰਹਿੰਦ ਖੂੰਹਦ ਉਹਦਾ ਵੀ ਕੁਝ ਵੱਟ ਲੈ ।

(ੲ) ਸ਼ਰਧਾ ਬਣੀ ਅਫ਼ੀਮ ਜੁਗਾਂ ਦੀ
ਸੜ ਸੜ ਮੋਏ ਸ਼ਹੀਦ ਅਨੇਕਾਂ
ਲੜ ਲੜ ਹੁੱਟੇ ਗਾਜ਼ੀ,
ਸਿਦਕ ਦੀ ਖ਼ਾਤਰ, ਧਰਮ ਦੀ ਖ਼ਾਤਰ
ਲਾਈ ਜਿਨ੍ਹਾਂ ਨੇ ਬਾਜ਼ੀ,
ਪਰ ਨਾ ਅਪਦਾ ਟਲ਼ੀ ਮਨੁੱਖ ਦੀ
ਸਦੀਆਂ ਦੀ ਬੀਮਾਰ ਮਨੁੱਖਤਾ
ਹੋ ਨਾ ਸਕੀ ਰਾਜ਼ੀ ।

ਜਾਂ

ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ ਦੋ ਕਵਿਤਾਵਾਂ ਦੇ ਵਿਸ਼ੇ ਬਾਰੇ ਚਰਚਾ ਕਰੋ :

(*i*) "ਮਿਲ ਵੇਲਾ ਊ" – ਭਾਈ ਵੀਰ ਸਿੰਘ;

(*ii*) "ਕਤਕ ਕੂੰਜਾਂ" – ਪ੍ਰੀਤਮ ਸਿੰਘ ਸਫ਼ੀਰ;

(*iii*) "ਜਦੋਂ ਅਸੀਂ ਆਵਾਂਗੇ" – ਸੰਤੋਖ ਸਿੰਘ ਧੀਰ;

(*iv*) "ਸੜਕ ਦੇ ਸਫ਼ੇ ਉਤੇ" – ਹਰਿਭਜਨ ਸਿੰਘ । 15

2. "ਹਰਚਰਨ ਸਿੰਘ ਰਚਿਤ ਨਾਟਕ "ਕਲ੍ਹ ਅੱਜ ਤੇ ਭਲਕ" ਵਿਚ ਪੇਂਡੂ ਸਮਾਜ ਦੀਆਂ ਕਿਹੜੀਆਂ ਸਮਾਜਕ ਕੁਰੀਤੀਆਂ ਨੂੰ ਨਾਟਕੀ ਰੂਪ ਦਿੱਤਾ ਗਿਆ ਹੈ ? ਵਿਸਤਾਰ ਸਹਿਤ ਲਿਖੋ ।

ਜਾਂ

ਕੀ "ਕਲ੍ਹ ਅੱਜ ਤੇ ਭਲਕ" ਨਾਟਕ ਨੂੰ ਇਕ ਸਫ਼ਲ ਨਾਟਕ ਕਿਹਾ ਜਾ ਸਕਦਾ ਹੈ ? ਨਾਟਕ ਦੇ ਤੱਤਾਂ ਦੇ ਆਧਾਰ 'ਤੇ ਇਸ ਦੀ ਪਰਖ ਕਰੋ । 15

3. ਹੇਠ ਲਿਖੇ ਪੈਰੇ ਨੂੰ ਸੰਖੇਪ ਕਰਕੇ ਲਿਖੋ ਤੇ ਢੁਕਵਾਂ ਸਿਰਲੇਖ ਵੀ ਦਿਉ :

"ਜਦੋਂ ਵੀ ਕੋਈ ਵਿਅਕਤੀ ਆਪਣੀ ਸਮਰਥਾ, ਪਹੁੰਚ, ਤੌਫ਼ੀਕ ਜਾਂ ਯੋਗਤਾ ਦੀਆਂ ਹੱਦਾਂ ਦੀ ਅਣਦੇਖੀ ਕਰਦਾ ਹੋਇਆ ਕਦੇ ਨਾ ਪੂਰੇ ਕੀਤੇ ਜਾਣ ਵਾਲੇ ਵਾਇਦੇ ਕਰ ਲੈਂਦਾ ਹੈ, ਆਕਾਸ਼ ਵਿਚ ਉਡੱਣ ਦੇ ਸੁਪਨੇ ਲੈਣ ਲਗ ਜਾਂਦਾ ਹੈ, ਢੇਰ ਸਾਰੀਆਂ ਚੀਜ਼ਾਂ ਕਿਸ਼ਤਾਂ ਤੇ ਲੈ ਕੇ ਸਮਾਜ ਵਿਚ ਇਜ਼ਤਦਾਰ ਇਨਸਾਨ ਦਾ ਸਵਾਂਗ ਰਚਾ ਲੈਂਦਾ ਹੈ, ਝੂਠੀ-ਸ਼ਾਨ ਵਜੋਂ ਕਾਰਾਂ ਤੇ ਟੈਲੀਫੋਨਾਂ ਦਾ ਮਾਲਕ ਬਣ ਜਾਂਦਾ ਹੈ, ਥੋਹੜੀ ਦੇਰ ਲਈ ਉਹ ਆਪਣੀ ਹੈਸੀਅਤ ਭੁੱਲ ਜਾਂਦਾ ਹੈ, ਉਸ ਦੀ ਸੋਚਣੀ ਅਤੇ ਕਰਨੀ ਵਿਚ ਫ਼ਰਕ ਆ ਜਾਂਦਾ ਹੈ, ਉਹ ਰਿਸ਼ਤੇਦਾਰਾਂ, ਦੋਸਤਾਂ, ਮਿਤਰਾਂ, ਨੂੰ ਵੀ ਭੁੱਲ ਜਾਂਦਾ ਹੈ, ਖਿਆਲੀ ਕਿਲ੍ਹੇ ਬਣਾਉਂਦਾ ਹੈ ਤੇ ਮੁਲਮੇਂ ਦੀ ਜ਼ਿੰਦਗੀ ਜਿਊਂਦਾ ਹੈ । ਪਰ ਪਿੱਤਲ ਉੱਤੇ ਪਾਣੀ ਬਹੁਤ ਦੇਰ ਨਹੀਂ ਠਹਿਰਦਾ, ਖ਼ਿਜ਼ਾਬਾਂ ਨਾਲ ਕੀਤੇ ਕਾਲੇ ਬਾਲ ਜਲਦੀ ਹੀ ਮੁੜ ਸਫ਼ੈਦ ਹੋ ਜਾਂਦੇ ਹਨ, ਡਰਾਮੇ ਦੀ ਅਸਲੀਅਤ ਦਾ ਪਤਾ ਲਗ ਜਾਂਦਾ ਹੈ, ਪਾਜ ਖੁਲ੍ਹ ਜਾਂਦੇ ਹਨ, ਫਿਰ ਨਮੋਸ਼ੀ ਤੇ ਨਿਰਾਸ਼ਾ ਇਨਸਾਨ ਨੂੰ ਆ ਦਬਦੇ ਹਨ, ਜ਼ਿੰਦਗੀ ਬਦ ਤੋਂ ਬਦਤਰ ਹੋ ਜਾਂਦੀ ਹੈ, ਸਿਵਾਏ ਪਛਤਾਵੇ ਤੋਂ ਕੁਝ ਵੀ ਹੱਥ ਨਹੀਂ ਆਉਂਦਾ ।" 10

4. ਤੁਹਾਡੇ ਘਰ ਦੀ ਆਰਥਿਕ ਸਥਿਤੀ ਠੀਕ ਨਹੀਂ ਹੈ, ਪਰ ਤੁਸੀਂ ਉੱਚ-ਵਿਦਿਆ ਪ੍ਰਾਪਤ ਕਰਨ ਦੀ ਤੀਬਰ ਇੱਛਾ ਰਖਦੇ ਹੋ । ਇਕ ਬਿਨੈ-ਪਤੱਰ ਰਾਹੀਂ ਆਪਣੇ ਪ੍ਰਾਂਤ ਦੇ ਸਿਖਿਆ-ਮੰਤਰੀ ਨੂੰ ਘਰ ਦੇ ਹਾਲਾਤ ਅਤੇ ਆਪਣੀ ਯੋਗਤਾ ਤੇ ਪੜ੍ਹਣ ਦੇ ਸ਼ੌਕ ਦਾ ਵੇਰਵਾ ਦੇ ਕੇ ਸਹਾਇਤਾ ਦੀ ਮੰਗ ਕਰੋ ।

ਜਾਂ

ਆਪਣੇ ਕਾਲਜ ਦੇ ਪ੍ਰਿੰਸਪਲ ਨੂੰ ਪੱਤਰ ਲਿਖ ਕੇ ਕਾਲਜ ਦੀ ਲਾਇਬਰੇਰੀ ਦੇ ਇੰਤਜ਼ਾਮ ਅਤੇ ਕਰਮਚਾਰੀਆਂ ਦੇ ਬੁਰੇ ਵਿਵਹਾਰ ਤੋਂ ਜਾਣੂ ਕਰਵਾਓ । 10

5. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਦੋ ਦੇ ਉੱਤਰ ਦਿਓ :

(*i*) ਵਾਕ ਅਤੇ ਉਪਵਾਕ ਦਾ ਅੰਤਰ ਦੋ ਉਦਾਹਰਨਾਂ ਦੇ ਕੇ ਸਪੱਸ਼ਟ ਕਰੋ ।

(*ii*) ਸੰਯੁਕਤ-ਵਾਕ ਤੇ ਸਾਧਾਰਨ-ਵਾਕ ਦਾ ਅੰਤਰ ਦੱਸੋ ਅਤੇ ਕੋਈ ਦੋ ਸੰਯੁਕਤ-ਵਾਕ ਲਿਖੋ ।

(*iii*) ਕਾਰਕਾਂ ਦੇ ਨਾਂ ਲਿਖ ਕੇ ਉਹਨਾਂ ਦੇ ਕਾਰਕ ਚਿੰਨ੍ਹ ਵੀ ਲਿਖੋ । 10

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(*i*) 'ਮਹੰਤ ਚਰਨਦਾਸ' ਦੇ ਡੇਰੇ ਵਿਚ ਕੀ ਕੁਝ ਕੀਤਾ ਜਾਂਦਾ ਹੈ ?

(*ii*) ਨਾਟਕ 'ਕਲ੍ਹ ਅੱਜ ਤੇ ਭਲਕ' ਦੀ ਅੰਤਲੀ ਸਥਿਤੀ ਕਿਹੋ ਜਿਹੀ ਹੈ ?

(*iii*) ਡਾ. ਹਰਚਰਨ ਸਿੰਘ ਦੇ ਨਾਟਕ 'ਕਲ੍ਹ ਅੱਜ ਤੇ ਭਲਕ' ਦਾ ਸਿਰਲੇਖ ਕਿਸ ਵਲ ਸੰਕੇਤ ਕਰਦਾ ਹੈ ?

(*iv*) "ਭਾਈ ਵੀਰ ਸਿੰਘ ਇਕ ਅਧਿਆਤਮਵਾਦੀ ਕਵੀ ਹੈ ।" ਇਸ ਕਥਨ ਦੀ ਪ੍ਰੋੜਤਾ ਕਰੋ ।

(*v*) ਰਾਧਾ ਸੰਦੇਸ਼ ਕਿਸ ਕਵੀ ਦੀ ਰਚਨਾ ਹੈ ? ਇਸ ਕਵਿਤਾ ਦਾ ਮੁੱਖ ਵਿਸ਼ਾ ਕੀ ਹੈ ? ਸੰਖੇਪ ਵਿਚ ਉੱਤਰ ਦਿਉ । 15